BC TRANSPLANT
Provincial Health Services Authority

# ਡੈਪਸੋਨ DAPSONE

- ਇਸ ਦਵਾਈ ਦੀਆਂ ਖਾਣ ਲਈ ਗੋਲੀਆਂ ਮਿਲਦੀਆਂ ਹਨ ਅਤੇ ਜੇ ਜ਼ਰੂਰਤ ਹੋਵੇ ਤਾਂ ਘੋਲ ਬਣਾਇਆ ਜਾ ਸਕਦਾ ਹੈ।
- ਇਹ ਦਵਾਈ ਬੀ.ਸੀ. ਟ੍ਰਾਂਸਪਲਾਂਟ ਵੱਲੋਂ ਨਹੀਂ ਮਿਲਦੀ ਅਤੇ ਤੁਸੀਂ ਆਪਣੀ ਮਰਜ਼ੀ ਦੀ ਫਾਰਮੇਸੀ ਤੋਂ ਖ਼ਰੀਦ ਸਕਦੇ ਹੋ।

## ਇਹ ਦਵਾਈ ਕਿਹੋ ਜਿਹੀ ਨਜ਼ਰ ਆਉਂਦੀ ਹੈ? What does the medication look like?

ਇਸ ਦਵਾਈ ਦੇ ਕਈ ਬਰਾਂਡ ਹਨ ਅਤੇ ਤੁਹਾਡੀ ਦਵਾਈ ਹੇਠਾਂ ਦਿੱਤੇ ਚਿੱਤਰ ਵਰਗੀ ਸ਼ਾਇਦ ਨਾ ਦਿਸੇ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ ਤਾਂ ਆਪਣੇ ਟ੍ਰਾਂਸਪਲਾਂਟ ਫਾਰਮਾਸਿਸਟ ਨੂੰ ਪੁੱਛੋ।

**ਡੈਪਸੋਨ 100 ਮਿ.ਗ੍ਰਾਮ ਦੀ ਗੋਲੀ**




## ਇਹ ਦਵਾਈ ਕਿਸ ਲਈ ਹੈ? What is this medication for?

ਡੈਪਸੋਨ ਇੱਕ ਖਾਸ ਕਿਸਮ ਦੇ ਨਮੂਨੀਏ (ਫੇਫੜਿਆਂ ਦੀ ਇਨਫੈਕਸ਼ਨ) ਨੂੰ ਰੋਕਣ ਜਾਂ ਇਲਾਜ ਲਈ ਵਰਤੀ ਜਾਂਦੀ ਹੈ ਜਿਸ ਨੂੰ ਪੀ.ਸੀ.ਪੀ. ਜਾਂ ਪੀ.ਆਈ.ਪੀ. ਵੀ ਕਹਿੰਦੇ ਹਨ। ਇਸ ਕਿਸਮ ਦੀ ਬਿਮਾਰੀ ਕਮਜ਼ੋਰ ਇਮਿਊਨ ਸਿਸਟਮ ਵਾਲੇ ਮਰੀਜ਼ਾਂ ਵਿਚ ਆਮ ਹੁੰਦੀ ਹੈ (ਮਿਸਾਲ ਲਈ ਅੰਗ ਬਦਲਨ ਤੋਂ ਬਾਅਦ)। ਡੈਪਸੋਨ ਉਨ੍ਹਾਂ ਵਿਅਕਤੀਆਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਨੂੰ ਸਲਫਾ ਐਲਰਜੀ ਹੋਵੇ ਜਾਂ ਸਲਫਾਮੀਥੋਕਸੇਜ਼ੋਲ/ ਟ੍ਰਾਈਮੀਥੋਪਰਿਮ ਤੋਂ ਬੁਰੇ ਪ੍ਰਭਾਵ ਹੋਏ ਹੋਣ।

## ਮੈਂ ਇਹ ਦਵਾਈ ਕਿਵੇਂ ਲਵਾਂ? How should I take this medication?

| | |
|---|---|
| ਇਹ ਦਵਾਈ **ਹਫ਼ਤੇ ਵਿਚ 3 ਵਾਰ** ਲਈ ਜਾਂਦੀ ਹੈ।<br>(ਮਿਸਾਲ ਲਈ 9 ਵਜੇ ਸੁਬਾ) | ਤੁਹਾਡੀ ਦਵਾਈ ਦਾ ਸਮਾਂ ਅਤੇ ਹਫ਼ਤੇ ਦਾ ਦਿਨ:______________________________ |

- ਇਹ ਦਵਾਈ ਖਾਣੇ ਦੇ ਨਾਲ ਜਾਂ ਖਾਣੇ ਤੋਂ ਬਿਨਾ ਲਈ ਜਾ ਸਕਦੀ ਹੈ।
- ਇਹ ਦਿਨੇ ਕਿਸੇ ਸਮੇਂ ਵੀ ਲਈ ਜਾ ਸਕਦੀ ਹੈ ਅਤੇ ਹੋਰ ਦਵਾਈਆਂ ਵਾਂਗ ਇੱਕੋ ਨਿਸ਼ਚਿਤ ਸਮੇਂ ਤੇ ਲੈਣੀ ਚਾਹੀਦੀ ਹੈ।

## ਖ਼ੁਰਾਕ ਭੁੱਲ ਗਏ ਜਾਂ ਖ਼ੁਰਾਕ ਉਲਟੀ ਕਰ ਦਿੱਤੀ: Missed Dose or Vomited Dose:

**ਜੇ ਤੁਸੀਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਓ** ਤਾਂ ਜਦੋਂ ਯਾਦ ਆਵੇ ਲੈ ਲਵੋ ਅਤੇ ਅਗਲੀ ਖ਼ੁਰਾਕ ਆਪਣੇ ਨਿਸ਼ਚਿਤ ਸਮੇਂ ਤੇ ਲੈ ਲਵੋ। ਪਰ ਜੇ ਸਮਾਂ ਅਗਲੀ ਖ਼ੁਰਾਕ ਦੇ ਸਮੇਂ ਤੋਂ ਅੱਧ ਤੋਂ ਜ਼ਿਆਦਾ ਬੀਤ ਗਿਆ ਹੈ ਤਾਂ ਇਹ ਖ਼ੁਰਾਕ ਰਹਿਣ ਦਿਓ ਅਤੇ ਅਗਲੀ ਖ਼ੁਰਾਕ ਟਾਈਮ ਸਿਰ ਲਵੋ। ਕਦੀ ਵੀ ਦੁਗਣੀ ਖ਼ੁਰਾਕ ਜਾਂ ਇੱਕ ਫਾਲਤੂ ਖ਼ੁਰਾਕ ਨਾ ਲਵੋ।

ਜੇ ਦਵਾਈ ਲੈਣ ਦੇ 30 ਮਿੰਟਾਂ ਅੰਦਰ **ਉਲਟੀ ਕਰ ਦਿਓ** ਜਾਂ ਜੇ ਤੁਸੀਂ ਕੁੱਝ ਦਵਾਈ ਉਲਟੀ ਨਾਲ ਬਾਹਰ ਆਉਂਦੀ ਵੇਖੋ ਤਾਂ ਖ਼ੁਰਾਕ ਦੁਬਾਰਾ ਲਵੋ। ਨਹੀਂ ਤਾਂ ਅਗਲੀ ਖ਼ੁਰਾਕ ਸਮੇਂ ਸਿਰ ਲਵੋ।

BC TRANSPLANT
Provincial Health Services Authority

## ਇਸ ਦਵਾਈ ਦੇ ਸੰਭਾਵਿਤ ਕੁੱਝ ਬੁਰੇ ਪ੍ਰਭਾਵ ਕੀ ਹਨ?
## What are some possible side effects of this medication?

| *ਬੁਰੇ ਪ੍ਰਭਾਵ* ***Side Effect*** | **ਇਲਾਜ Management** |
|---|---|
| *ਸੂਰਜ ਤੋਂ ਸੰਵੇਦਨਸ਼ੀਲਤਾ* | ਧੁੱਪ ਵੇਲੇ ਟੋਪੀ, ਪੂਰੀਆਂ ਬਾਂਹਾਂ ਵਾਲੀ ਕਮੀਜ਼, ਲੰਮੀ ਪੈਂਟ/ਸਕਰਟ ਪਹਿਨੋ। ਧੁੱਪ ਰੋਕਣ ਵਾਲਾ ਘਟੋ ਘਟ 30 (ਧੁੱਪ ਰੋਕਣ ਵਾਲਾ ਫ਼ੈਕਟਰ) SPF ਮਿਲਿਆ ਲੋਸ਼ਨ ਵਰਤੋ। |
| *ਡੈਪਸੋਨ ਤੁਹਾਡੇ ਖ਼ੂਨ ਦੇ ਚਿੱਟੇ ਅਤੇ ਲਾਲ ਸੈੱਲਾਂ ਨੂੰ ਘਟ ਕਰ ਸਕਦੀ ਹੈ।*<br><br>*ਤੁਹਾਨੂੰ ਇਨਫੈਕਸ਼ਨ ਹੋਣ ਦਾ ਅਤੇ ਖ਼ੂਨ ਵਗਣ ਦਾ ਜ਼ਿਆਦਾ ਖ਼ਤਰਾ ਹੈ।* | ਖ਼ੂਨ ਦੇ ਸੈੱਲਾਂ ਦਾ ਨੰਬਰ ਚੈੱਕ ਕਰਨ ਲਈ ਨਿਯਮਿਤ ਤੌਰ ਤੇ ਖ਼ੂਨ ਦਾ ਕੰਮ ਹੁੰਦਾ ਰਹੇਗਾ।<br>ਆਪਣੇ ਡਾਕਟਰ ਨਾਲ ਚੈੱਕ ਕਰੋ ਜੇ ਹੇਠ ਲਿਖਿਆਂ ਵਿਚੋਂ ਕੋਈ ਲੱਛਣ ਹੈ:<br><br>• ਇਨਫ਼ੈਕਸ਼ਨ ਦੀਆਂ ਨਿਸ਼ਾਨੀਆਂ ਜਾਂ ਲੱਛਣ (ਬੁਖਾਰ ਜਾਂ ਠੰਢ, ਗਲੇ ਵਿਚ ਖਾਰਸ਼ ਜਾਂ ਦਰਦ, ਜਾਂ ਪਿਸ਼ਾਬ ਕਰਨ ਵਿਚ ਤਕਲੀਫ਼)<br>• ਖ਼ੂਨ ਵਿਚ ਲਾਲ ਸੈੱਲਾਂ ਦੀ ਕਮੀ ਦੀਆਂ ਨਿਸ਼ਾਨੀਆਂ (ਕਮਜ਼ੋਰੀ ਜਾਂ ਥਕਾਵਟ, ਬੇਹੋਸ਼ੀ ਹੋਣੀ, ਸਿਰ ਹਲਕਾ ਮਹਿਸੂਸ ਹੋਣਾ) |
| *ਚਮੜੀ ਤੇ ਰੈਸ਼ ਜਾਂ ਖ਼ਾਰਸ਼* | ਆਪਣੇ ਡਾਕਟਰ ਜਾਂ ਟ੍ਰਾਂਸਪਲਾਂਟ ਟੀਮ ਨੂੰ ਜਿੰਨੀ ਜਲਦੀ ਹੋ ਸਕੇ ਜਾਣਕਾਰੀ ਦਿਓ |